# ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸ਼ਾਖਾ)

ਵੱਲ:

ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਿਕਾ,
ਸਮੂਹ ਐਫੀਲੀਏਟਿਡ ਸਕੂਲਜ਼,
..............................
ਪੰਜਾਬ..................।

ਨੰਬਰ: ਪਸਸਬ-ਐਫੀ:2015/4458 ਮਿਤੀ: 21/9/15

ਵਿਸ਼ਾ: **ਦਾਖਲਾ ਖਾਰਜ ਰਜਿਸਟਰ ਤਿਆਰ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਦਾਖਲਾ ਖਾਰਜ ਰਜਿਸਟਰ ਤਿਆਰ ਕਰਦੇ ਸਮੇਂ ਸਕੂਲ ਵੱਲੋਂ ਵਿਦਿਆਰਥੀਆਂ ਦੇ ਵੇਰਵਿਆਂ ਵਿੱਚ ਕਟਿੰਗ, ਫਲਿਊਡ ਵਗੈਰਾ ਲਾ ਕੇ ਸੋਧ ਕਰ ਦਿੱਤੀ ਜਾਂਦੀ ਹੈ ਜਾਂ ਰਜਿਸਟਰ ਦੇ ਸਾਰੇ ਕਾਲਮ ਪੂਰੇ ਨਹੀਂ ਭਰੇ ਜਾਂਦੇ। ਇਸ ਦਾ ਉੱਚ ਅਧਿਕਾਰੀਆਂ ਸਾਹਿਬਾਨ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਦਾਖਲਾ ਖਾਰਜ ਰਜਿਸਟਰ ਤਿਆਰ ਕਰਨ ਸਮੇਂ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ:-

1. ਦਾਖਲਾ ਖਾਰਜ ਰਜਿਸਟਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਛਪਵਾਇਆ ਗਿਆ ਹੀ ਲਗਵਾਇਆ ਜਾਵੇ।
2. ਦਾਖਲਾ ਖਾਰਜ ਰਜਿਸਟਰ ਦੇ ਪਹਿਲੇ ਪੰਨੇ ਤੇ ਸਬੰਧਤ ਸਕੂਲ ਮੁੱਖੀ ਵੱਲੋਂ ਦਰਜ ਕੀਤਾ ਜਾਵੇ ਕਿ ਇਸ ਰਜਿਸਟਰ ਦੇ ਪੰਨਾ ਨੰ:01 ਤੋਂ ...... ਤੱਕ ਪੰਨੇ ਸਹੀ ਹਨ। ਇਸ ਤੇ ਸਕੂਲ ਦੀ ਮੋਹਰ ਸਮੇਤ ਹਸਤਾਖਰ ਕਰਨ ਉਪਰੰਤ ਇਸ ਨੂੰ ਸਬੰਧਤ ਜ਼ਿਲ੍ਹਾ ਮੈਨੇਜਰ, ਖੇਤਰੀ ਦਫਤਰ ਤੋਂ ਪ੍ਰਤੀ ਹਸਤਾਖਰ ਕਰਵਾਇਆ ਜਾਵੇ।
3. ਦਾਖਲਾ ਖਾਰਜ ਰਜਿਸਟਰ ਦੇ ਹਰ ਪੰਨੇ ਤੇ ਸਕੂਲ ਦਾ ਨਾਮ ਅਤੇ ਸ਼ਨਾਖਤੀ ਨੰਬਰ ਜ਼ਰੂਰ ਲਿਖਿਆ ਹੋਣਾ ਚਾਹੀਦਾ ਹੈ।
4. ਦਾਖਲਾ ਖਾਰਜ ਰਜਿਸਟਰ ਵਿੱਚ ਦਾਖਲਾ ਕਰਨ ਉਪਰੰਤ ਹਰ ਪੰਨੇ ਤੇ ਸਕੂਲ ਮੁੱਖੀ ਦੇ ਹਸਤਾਖਰ ਹੋਣੇ ਚਾਹੀਦੇ ਹਨ।
5. ਦਾਖਲਾ ਖਾਰਜ ਰਜਿਸਟਰ ਵਿੱਚ ਵਿਦਿਆਰਥੀਆਂ ਦੇ ਸਾਰੇ ਵੇਰਵੇ ਪੰਜਾਬੀ ਅਤੇ ਅੰਗਰੇਜ਼ੀ ਦੋਨੋਂ ਭਾਸ਼ਾਵਾਂ ਵਿੱਚ ਦਰਜ ਹੋਣੇ ਚਾਹੀਦੇ ਹਨ।
6. ਵਿਦਿਆਰਥੀਆਂ ਦਾ ਦਾਖਲਾ ਕਰਨ ਸਮੇਂ ਜਨਮ ਸਰਟੀਫਿਕੇਟ, ਆਧਾਰ ਕਾਰਡ ਅਤੇ ਹੋਰ ਕੋਈ ਕਾਨੂੰਨੀ ਦਸਤਾਵੇਜ ਜਿਸ ਵਿੱਚ ਵਿਦਿਆਰਥੀ ਦੇ ਵੇਰਵੇ ਦਰਜ ਹੋਣ ਲੈਣੇ ਚਾਹੀਦੇ ਹਨ ਅਤੇ ਇਸ ਨੂੰ ਰਿਕਾਰਡ ਵਿੱਚ ਵੀ ਰੱਖਿਆ ਜਾਵੇ।
7. ਦਾਖਲਾ ਖਾਰਜ ਰਜਿਸਟਰ ਵਿੱਚ ਦਰਜ ਵੇਰਵਿਆਂ ਵਿੱਚ ਕਿਸੇ ਪ੍ਰਕਾਰ ਦੀ ਕੋਈ ਕਟਿੰਗ ਨਹੀਂ ਹੋਣੀ ਚਾਹੀਦੀ। ਜੇਕਰ ਕੋਈ ਵੇਰਵਾ ਗਲਤ ਦਰਜ ਹੋ ਜਾਂਦਾ ਹੈ ਤਾਂ ਉਸ ਨੂੰ ਫਿਲਊਡ ਲਗਾ ਕੇ, ਕਾਗਜ ਜਾਂ ਟੇਪ, ਕਟਿੰਗ ਅਤੇ ਓਵਰ ਰਾਈਟਿੰਗ ਨਾ ਕੀਤੀ ਜਾਵੇ। ਜੇਕਰ ਕਟਿੰਗ ਹੁੰਦੀ ਹੈ ਤਾਂ ਉਸ ਨੂੰ ਰਾਊਂਡ ਲਗਾ ਕੇ ਉਸ ਉੱਤੇ ਸਹੀ ਵੇਰਵਾ ਦਰਜ ਕਰਦੇ ਹੋਏ ਸਕੂਲ ਮੁੱਖੀ ਆਪਣੇ ਹਸਤਾਖਰ ਕਰਨਗੇ।
8. ਚਾਲੂ ਸ਼ੈਸ਼ਨ ਦੌਰਾਨ ਦਾਖਲਿਆਂ ਦੀਆਂ ਮਿਤੀਆਂ ਤੱਕ ਦਾਖਲਾ ਕਰਨ ਉਪਰੰਤ ਸਕੂਲ ਮੁੱਖੀ ਰਜਿਸਟਰ ਤੇ ਆਪਣੇ ਹਸਤਾਖਰ ਕਰਕੇ ਇਸ ਤੇ ਸਬੰਧਤ ਜ਼ਿਲ੍ਹਾ ਮੈਨੇਜਰ, ਖੇਤਰੀ ਦਫਤਰ ਤੋਂ ਵੀ ਹਰ ਸਾਲ ਦਾਖਲੇ ਦੀ ਅੰਤਿਮ ਮਿਤੀ ਤੋਂ 07 ਦਿਨਾਂ ਦੇ ਅੰਦਰ-ਅੰਦਰ ਪ੍ਰਤੀ ਹਸਤਾਖਰ ਕਰਵਾਵੇਗਾ।
9. ਜੇਕਰ ਕਿਸੇ ਵਿਦਿਆਰਥੀ ਦੇ ਵੇਰਵੇ ਵਿੱਚ ਕਿਸੇ ਪ੍ਰਕਾਰ ਦੀ ਸੋਧ ਕਰਵਾਉਣੀ ਜ਼ਰੂਰੀ ਹੋਵੇ ਤਾਂ ਉਹ ਸੋਧ ਕਰਨ ਉਪਰੰਤ ਉਸ ਤੇ ਸਕੂਲ ਮੁੱਖੀ ਆਪਣੇ ਹਸਤਾਖਰ ਕਰੇਗਾ, ਅਤੇ ਦਰਜ ਕਰੇਗਾ ਕਿ ਇਹ ਸੋਧ ਜਨਮ ਸਰਟੀਫਿਕੇਟ, ਪਹਿਲਾਂ ਬੋਰਡ ਤੋਂ ਪਾਸ ਕੀਤੀ ਕਲਾਸ ਦੇ ਸਰਟੀਫਿਕੇਟ ਜਾਂ ਕੋਈ ਹੋਰ ਦਸਤਾਵੇਜ ਜੋ ਕਾਨੂੰਨੀ ਤੌਰ ਤੇ ਮੰਨਣਯੋਗ ਹੋਵੇ ਦੇ ਆਧਾਰ ਤੇ ਕੀਤੀ ਗਈ ਹੈ। ਜਿੱਥੇ ਜਨਮ ਮਿਤੀ/ਪਿਤਾ ਦਾ ਨਾਮ, ਮਾਤਾ ਦਾ ਨਾਮ ਦੀ ਸਾਰੇ ਵੇਰਵਿਆਂ ਵਿੱਚ ਸੋਧ ਹੋਣੀ ਹੈ, ਉਹ ਸੋਧ ਕਰਨ ਲਈ ਭੈਣ ਭਰਾਵਾਂ ਦੇ ਜਨਮ ਸਰਟੀਫਿਕੇਟ ਪੇਸ਼ ਕੀਤੇ ਜਾਣ। ਇਸ ਸਬੰਧੀ ਸਕੂਲ ਮੁੱਖੀ ਸਕੂਲ ਦੇ ਲੈਟਰ ਪੈਡ ਤੇ ਇਹ ਸਪੱਸ਼ਟੀਕਰਨ ਵੀ ਦੇਵੇਗਾ, ਕਿ ਇਹ ਗਲਤੀ ਕਿਵੇਂ ਹੋਈ ਅਤੇ ਇਸ ਨੂੰ ਕਿਸ ਆਧਾਰ ਤੇ ਸੋਧਿਆ ਗਿਆ ਹੈ। ਸੋਧ ਨੂੰ ਪ੍ਰਤੀ ਹਸਤਾਖਰ ਕਰਵਾਉਣ ਲਈ ਸਕੂਲ ਅਸਲ ਦਾਖਲਾ ਖਾਰਜ ਰਜਿਸਟਰ, ਉਕਤ ਅਸਲ ਦਸਤਾਵੇਜ ਅਤੇ ਉਹਨਾਂ ਦੀਆਂ ਤਸਦੀਕਸ਼ੁਦਾ ਕਾਪੀਆਂ, ਲੋੜੀਂਦੀ ਫੀਸ ਸਮੇਤ ਐਫੀਲੀਏਸ਼ਨ ਸ਼ਾਖਾ ਜਾਂ ਸਬੰਧਤ ਜਿਲ੍ਹਾ ਮੈਨੇਜਰ, ਖੇਤਰੀ ਦਫਤਰ ਕੋਲ ਪੇਸ਼ ਕਰਕੇ ਸੋਧ ਨੂੰ ਪ੍ਰਤੀ ਹਸਤਾਖਰ ਕਰਵਾਇਆ ਜਾਵੇ।

ਉਕਤ ਹਦਾਇਤਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਸੰਸਥਾ ਵਿਰੁੱਧ ਐਫੀਲੀਏਸ਼ਨ ਵਿਨਿਯਮਾਂ ਅਧੀਨ ਕਾਰਵਾਈ ਕੀਤੀ ਜਾਵੇਗੀ, ਜਿਸ ਦੀ ਸਾਰੀ ਜਿੰਮੇਵਾਰੀ ਸੰਸਥਾ ਦੀ ਆਪਣੀ ਹੋਵੇਗੀ।

ਇੰਚਾਰਜ (ਐਫੀਲੀਏਸ਼ਨ)
ਵਾ:ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਨੰਬਰ: ਪਸਸਬ-ਐਫੀ:2015/4459 ਮਿਤੀ: 21/9/15

ਉਪਰੋਕਤ ਦਾ ਉਤਾਰਾ ਸਮੂਹ ਜਿਲ੍ਹਾ ਮੈਨੇਜਰ, ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

21/9/15
ਇੰਚਾਰਜ (ਐਫੀਲੀਏਸ਼ਨ)
ਵਾ:ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।